SPEECH & LANGUAGE • THE EARLY YEARS •

Vancouver CoastalHealth
*Promoting wellness. Ensuring care.*

# ਅਗੇਤੀ ਬੋਲੀ

## Early Language

### ਤੁਹਾਡਾ ਬੱਚਾ...

- ਸੰਕੇਤ ਕਰਦਾ ਹੈ, "ਨਹੀਂ" ਲਈ ਸਿਰ ਹਿਲਾਉਂਦਾ ਹੈ ਅਤੇ ਹੋਰ ਇਸ਼ਾਰੇ ਕਰਦਾ ਹੈ
- ਵੱਖਰੀਆਂ ਆਵਾਜ਼ਾਂ ਕੱਢਦਾ ਹੈ
- ਸ਼ਬਦ ਵਰਤਣ ਦੀ ਕੋਸ਼ਿਸ਼ ਕਰਦਾ ਹੈ
- ਕੁਝ ਸ਼ਬਦ ਸਾਫ ਸਾਫ ਕਹਿੰਦਾ ਹੈ

### ਤੁਸੀਂ ਮਦਦ ਕਰ ਸਕਦੇ ਹੋ...

- ਆਪਣੇ ਵਾਕ ਛੋਟੇ ਅਤੇ ਸੌਖੇ ਰੱਖੋ। ਉਦਾਹਰਣ ਲਈ: "ਜੂਸ ਮੁੱਕ ਗਿਆ।" "ਸੂਅ ਲਾਹ।"
- ਬੱਚੇ ਦੇ ਗੱਲ ਕਰਨ ਦੀ ਕੋਸ਼ਿਸ਼ ਕਰਨ ਵੇਲੇ ਸਿੰਗਲ ਸ਼ਬਦਾਂ ਨਾਲ ਜਵਾਬ ਦਿਉ। ਇਸ ਨਾਲ ਤੁਹਾਡੇ ਬੱਚੇ ਨੂੰ ਇਹ ਉਤਸ਼ਾਹ ਮਿਲੇਗਾ ਅਤੇ ਇਹ ਪਤਾ ਲੱਗੇਗਾ ਕਿ ਗੱਲਬਾਤ ਕਿਵੇਂ ਕਰਨੀ ਹੈ।
- ਉਹ ਸ਼ਬਦ ਵਰਤੋ ਜਿਹੜੇ ਤੁਹਾਡੇ ਬੱਚੇ ਲਈ ਮਹੱਤਵਪੂਰਨ ਹੋਣ। ਉਦਾਹਰਣ ਲਈ, "ਸਭ ਮੁੱਕ ਗਿਆ", "ਨਹੀਂ", "ਹੋਰ", "ਮੇਰਾ"। ਪਰਿਵਾਰ ਦੇ ਮੈਂਬਰਾਂ, ਖਿਡੌਣਿਆਂ, ਖਾਣੇ ਅਤੇ ਕੱਪੜਿਆਂ ਦੇ ਨਾਂਵਾਂ ਦੀ ਵਰਤੋਂ ਕਰਦੇ ਹੋਏ ਆਪਣੇ ਬੱਚੇ ਦੀ ਮੁਢਲੀ ਸ਼ਬਦਾਵਲੀ ਵਿਕਸਤ ਕਰਨ ਵਿਚ ਮਦਦ ਕਰੋ।
- ਆਮ ਕਾਰਜਾਂ ਦੇ ਸ਼ਬਦ ਵਰਤੋ, ਉਦਾਹਰਣ ਲਈ: "ਧੋਵੋ", "ਜਾਉ", "ਖਾਉ", "ਚਾਹੀਦਾ"।
- ਦੁਹਰਾਉ, ਦੁਹਰਾਉ, ਦੁਹਰਾਉ। ਉਦਾਹਰਣ ਲਈ, ਜਦੋਂ ਤੁਹਾਡਾ ਬੱਚਾ ਦੁੱਧ ਵੱਲ ਇਸ਼ਾਰ ਕਰੇ ਤਾਂ ਕਹੋ: "ਦੁੱਧ?"... "ਦੁੱਧ ਲੈਣਾ?"... "ਆਹ ਲੈ ਦੁੱਧ"..."ਹੋਰ ਦੁੱਧ?"
- ਆਪਣੇ ਬੱਚੇ ਨੂੰ ਗੱਲਬਾਤ ਕਰਨ ਦੇ ਬਹੁਤ ਸਾਰੇ ਮੌਕੇ ਦਿਉ। ਆਪਣੇ ਬੱਚੇ ਦੀਆਂ ਸਾਰੀਆਂ ਲੋੜਾਂ ਦਾ ਅੰਦਾਜ਼ਾ ਲਾਉਣ ਦੀ ਕੋਸ਼ਿਸ਼ ਨਾ ਕਰੋ ਤਾਂ ਜੋ ਤੁਹਾਡੇ ਬੱਚੇ ਨੂੰ ਗੱਲ ਕਰਨ ਦੇ ਜ਼ਿਆਦਾ ਮੌਕੇ ਮਿਲਣ। ਉਦਾਹਰਣ ਲਈ, ਕੱਪ ਖਾਲੀ ਹੋਣ 'ਤੇ ਹੋਰ ਜੂਸ ਨਾ ਦਿਉ। ਆਪਣੇ ਬੱਚੇ ਵਲੋਂ ਇਹ ਦਿਖਾਉਣ ਦੀ ਉਡੀਕ ਕਰੋ ਕਿ ਹੋਰ ਦੁੱਧ ਚਾਹੀਦਾ ਹੈ।
- ਉਨ੍ਹਾਂ ਚੀਜ਼ਾਂ 'ਤੇ ਨਿਗ੍ਹਾ ਰੱਖੋ ਜਿਹੜੀਆਂ ਤੁਹਾਡੇ ਬੱਚੇ ਦੀ ਦਿਲਚਸਪੀ ਵਾਲੀਆਂ ਹਨ। ਇਨ੍ਹਾਂ ਚੀਜ਼ਾਂ ਬਾਰੇ ਗੱਲ ਕਰੋ ਨਾ ਕਿ ਉਨ੍ਹਾਂ ਬਾਰੇ ਜਿਨ੍ਹਾਂ ਵਿਚ ਤੁਹਾਨੂੰ ਦਿਲਚਸਪੀ ਹੈ। ਆਪਣੇ ਬੱਚੇ ਨੂੰ ਅੱਗੇ ਹੋਣ ਦਿਉ।
- ***ਮੁਸਕਰਾਉ ਅਤੇ ਸੁਗਲ ਕਰੋ!!!***



**ਆਪਣੇ ਬੱਚੇ ਦੇ ਪਾਲਣ-ਪੋਸਣ ਬਾਰੇ ਹੋਰ ਤੱਥ ਸ਼ੀਟਾਂ ਤੁਹਾਡੇ ਸਥਾਨਕ ਕਮਿਉਨਟੀ ਹੈਲਥ ਦਫਤਰ/ਸੈਂਟਰ ਤੋਂ ਜਾਂ http://vch.eduhealth.ca 'ਤੇ ਔਨਲਾਈਨ ਮਿਲਦੀਆਂ ਹਨ।**

ਜ਼ਿਆਦਾ ਜਾਣਕਾਰੀ ਲਈ ਸਪੀਚ ਲੈਂਗੁਏਜ ਪੈਥੋਲੋਜਿਸਟ ਜਾਂ ਵੈਨਕੂਵਰ ਕੋਸਟਲ ਹੈਲਥ ਵਿਖੇ ਪਬਲਿਕ ਹੈਲਥ ਨਰਸ ਨਾਲ ਸੰਪਰਕ ਕਰੋ
www.vch.ca

ਹੋਰ ਕਾਪੀਆਂ ਲੈਣ ਲਈ, **http://vch.eduhealth.ca** 'ਤੇ ਔਨਲਾਈਨ ਜਾਉ ਜਾਂ **phem@vch.ca** 'ਤੇ ਈਮੇਲ ਕਰੋ ਅਤੇ ਕੈਟਾਲੌਗ ਨੰਬਰ **GK.600.E27.PU** ਦੱਸੋ। ਇਸ ਪੈਂਫਲਿਟ ਬਾਰੇ ਕਿਸੇ ਵੀ ਤਰ੍ਹਾਂ ਦੀ ਆਪਣੀ ਰਾਇ feedback@vch.ca 'ਤੇ ਭੇਜੋ। ਕਾਪੀਰਾਈਟ: ਵੈਨਕੂਵਰ ਕੋਸਟਲ ਹੈਲਥ, ਜਨਵਰੀ 2016

ਇਸ ਲਿਖਤ ਵਿਚਲੀ ਜਾਣਕਾਰੀ ਸਿਰਫ ਉਸ ਵਿਅਕਤੀ ਲਈ ਹੈ ਜਿਸ ਨੂੰ ਇਹ ਹੈਲਥ ਕੇਅਰ ਟੀਮ ਵਲੋਂ ਦਿੱਤੀ ਗਈ ਹੈ।
www.vch.ca